ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-2 ਸਾਖਾ)

ਸੇਵਾ ਵਿਖੇ

1. ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ:)/(ਐ.ਸਿ), ਪੰਜਾਬ, ਚੰਡੀਗੜ੍ਹ ।
2. ਡਾਇਰੈਕਟਰ, ਐਸ.ਸੀ.ਈ.ਆਰ.ਟੀ ਪੰਜਾਬ, ਚੰਡੀਗੜ੍ਹ

ਮੀਮੋ ਨੰ: 3/28/10-5ਸਿ2/1230-32
ਮਿਤੀ,ਚੰਡੀਗੜ੍ਹ :28-4-2010

ਵਿਸਾ : ਪੰਜਾਬ ਸਿੱਖਿਆ ਵਿਭਾਗ ਵਿਚ ਸਾਲ 2010-2011 ਦੌਰਾਨ ਅਧਿਆਪਕ ਵਰਗ ਦੀਆ ਆਮ ਬਦਲੀਆਂ ਸਬੰਧੀ ਨੀਤੀ।

ਉਪਰੋਕਤ ਵਿਸੇ ਦੇ ਹਵਾਲੇ ਵਿਚ ।

2. ਪੰਜਾਬ ਰਾਜ ਦੇ ਸਕੂਲ ਸਿੱਖਿਆ ਵਿਭਾਗ ਵਿਚ ਕੰਮ ਕਰ ਰਹੇ ਅਧਿਆਪਕਾਂ ਦੀਆ ਸਾਲ 2010-2011 ਦੌਰਾਨ ਬਦਲੀਆਂ ਕਰਨ ਸਬੰਧੀ ਸਿੱਖਿਆ ਵਿਭਾਗ ਦੀ ਨੀਤੀ ਹੇਠ ਲਿਖੀਆ ਸ਼ਰਤਾ ਅਨੁਸਾਰ ਜਾਰੀ ਕੀਤੀ ਜਾਂਦੀ ਹੈ।

1. ਬਦਲੀਆਂ ਕਰਵਾਉਣ ਦੇ ਚਾਹਵਾਨ ਅੰਧਿਆਪਕ ਨਿਰਧਾਰਤ ਪ੍ਰੋਫਾਰਮੇ ਤੇ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਯੋਗ ਪ੍ਰਣਾਲੀ ਰਾਹੀ ਅਰਜੀਆਂ ਮਿਤੀ 10-5-2010 ਤੱਕ ਭੇਜ ਸਕਣਗੇ। ਜੇਕਰ ਕੋਈ ਅਧਿਆਪਕ ਮਾਨਯੋਗ ਮੁੱਖ ਮੰਤਰੀ ਜੀ / ਸਿੱਖਿਆ ਮੰਤਰੀ ਜੀ ਜਾਂ ਹੋਰ ਚੁਣੇ ਗਏ ਲੋਕ ਨੁਮਾਇੰਦਿਆਂ ਨੂੰ ਆਪਣੀ ਪ੍ਰਤੀ ਬੇਨਤੀ ਦਿਦੇਂ ਹੋ ਤਾਂ ਉਹ ਲੋੜੀਂਦੇ ਪ੍ਰੋਫਰਮੇ ਵਿੱਚ ਵੀ ਉਕਤ ਦਰਜ ਕੀਤੇ ਅਨੁਸਾਰ ਅਰਜੀ ਦੇਣਗੇ।

2. ਜਿਲ੍ਹਾ ਸਿੱਖਿਆ ਅਫਸਰ ਇਹਨਾਂ ਅਰਜੀਆਂ ਨੂੰ ਪ੍ਰੋਸੈਸ ਕਰਕੇ ਅੰਤਰ ਜਿਲ੍ਹਾ ਬਦਲੀਆਂ ਮੰਡਲ ਸਿਖਿਆ ਅਫਸਰ, ਅੰਤਰ-ਮੰਡਲ ਬਦਲੀਆਂ ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ) ਪੰਜਾਬ, ਚੰਡੀਗੜ੍ਹ ਨੂੰ ਭੇਜਣਗੇ।

Office of : Director General School Education
cum State Project Director
Sarva Shiksha Abhiyan Authority
Central Dak
No. : 6082 Date 29/4/2010

3. ਜਿਲ੍ਹੇ ਅੰਦਰ ਬਦਲੀਆਂ ਜਿਲ੍ਹਾਂ ਸਿਖਿਆ ਅਫਸਰਾਂ ਵੱਲੋਂ 11-5-10 ਤੋਂ 17-5-10 ਤੱਕ, ਅੰਤਰ ਜਿਲ੍ਹਾ ਬਦਲੀਆ ਮੰਡਲ ਸਿਖਿਆ ਅਫਸਰ ਵੱਲੋਂ 18-5-10 ਤੋਂ 24-5-10 ਤੱਕ ਅਤੇ ਅੰਤਰ ਮੰਡਲ ਬਦਲੀਆਂ ਸਬੰਧਤ ਡੀ.ਪੀ.ਆਈ ਵੱਲੋਂ 25-5-10 ਤੋ 31-5-10 ਤੱਕ ਕੀਤੀਆਂ ਜਾਣਗੀਆਂ। ਸਾਰੇ ਸਬੰਧਤ ਕਰਮਚਾਰੀਆਂ ਨੂੰ ਮਿਤੀ 25-6-10 ਤੱਕ ਆਪਣੀ ਆਪਣੀ ਨਵੀ ਤੈਨਾਤੀ ਵਾਲੀ ਥਾਂ ਤੇ ਹਾਜ਼ਰ ਹੋਣਾ ਹੋਵੇਗਾ।

4. ਬਦਲੀ ਦੇ ਚਾਹਵਾਨ ਅਧਿਆਪਕ ਬੇਨਤੀ ਪੱਤਰ ਵਿਚ ਆਪਣੀ ਬਦਲੀ ਲਈ ਘੱਟ-ਘੱਟ ਤਿੰਨ ਸਟੇਸ਼ਨਾਂ ਅਤੇ ਵੱਧ ਤੋ ਵੱਧ ਪੰਜ ਸਟੇਸ਼ਨ ਦੀ ਆਪਸ਼ਨ ਦੇ ਸਕਦਾ ਹੈ ।

5. ਬਦਲੀਆਂ ਸਿਰਫ ਖਾਲੀ ਅਸਾਮੀਆਂ ਤੇ ਹੀ ਕੀਤੀਆਂ ਜਾਣਗੀਆਂ।

6. ਉਹ ਅਧਿਆਪਕ ਜੋ ਬਿਨਾਂ ਆਗਿਆ ਤੋਂ ਛੁੱਟੀ ਤੇ ਰਹੇ ਹਨ/ ਡਿਊਟੀ ਤੋਂ ਗੈਰ ਹਾਜਰ ਰਹਿੰਦੇ ਹਨ, ਬਦਲੀ ਲਈ/ ਆਪਸੀ ਬਦਲੀ ਲਈ ਬਿਨੈ ਪੱਤਰ ਨਹੀ ਦੇ ਸਕਣਗੇ।

7. ਜ ਅਧਿਆਪਕ ਪਿਛਲੇ 2 ਸਾਲਾਂ ਤੋ ਪ੍ਰਬੰਧਕੀ ਆਧਾਰ ਤੇ ਬਦਲੇ ਗਏ ਹਨ, ਉਹਨਾਂ ਨੂੰ ਬਦਲੀ ਲਈ ਨਹੀ ਵਿਚਾਰਿਆ ਜਾਵੇਗਾ।

8. ਪ੍ਰਬੰਧਕੀ ਅਧਾਰ ਤੇ ਹੋਈ ਬਦਲੀ ਵਾਲੇ ਕਰਮਚਾਰੀ ਨੂੰ ਤਾਂ ਹੀ ਵਿਚਾਰਿਆ ਜਾਵੇਗਾ ਜੇਕਰ ਉਹ ਪਹਿਲਾਂ ਕੀਤੀ ਬਦਲੀ ਵਾਲੇ ਸਥਾਨ ਤੇ ਹਾਜਰ ਹੋਇਆ ਹੋਵੇ ਅਤੇ ਕਰਮਚਾਰੀ ਦੀ ਪ੍ਰਫਾਰਮੈਂਸ 2 ਸਾਲਾਂ ਦੌਰਾਨ ਚੰਗੀ ਹੋਵੇ।

9. ਨਿਮਨ-ਲਿਖਤ ਨੂੰ ਬਦਲੀਆਂ ਸਮੇਂ ਪਹਿਲ ਦੇ ਆਧਾਰ ਤੇ ਵਿਚਾਰਿਆ ਜਾਵੇਗਾ:-

ੳ) ਅੰਗਹੀਣ ਅਧਿਆਪਕ (100% ਬਲਾਇੰਡ ਅਤੇ 70% ਜਾਂ ਵੱਧ ਲੱਤਾ ਤੋਂ ਅੰਗਹੀਣ ਨੂੰ ਤਰਜੀਹ ਦਿੱਤੀ ਹੋਵੇਗਾ।

ਅ) ਖੁਦ ਅਧਿਆਪਕ ਜਾਂ ਉਸ ਦੇ ਨਜ਼ਦੀਕੀ ਪ੍ਰੀਵਾਰਕ ਮੈਂਬਰ ਨੂੰ ਕਰਿਟੀਕਲ ਕਰੌਨਿਕ ਬੀਮਾਰੀ ਹੋਣ ਜਾਂ ਜਿਹਨਾਂ ਦੇ ਬੱਚੇ ਦਿਮਾਗੀ ਤੌਰ ਤੇ ਜਾਂ ਕਿਸੇ ਗੰਭੀਰ ਬੀਮਾਰੀ ਤੋਂ ਪੀੜਤ ਹੋਣ। ਸਮਰੱਥ ਅਧਿਕਾਰੀ (ਸਿਵਲ ਸਰਜਨ) ਦੁਆਰਾ ਜਾਰੀ ਕੀਤੇ ਮੈਡੀਕਲ ਸਰਟੀਫੀਕੇਟ ਦੇ ਨਾਲ ਨੱਥੀ ਹੋਣ ਦੀ ਸੂਰਤ ਵਿਚ ਹੀ ਅਜਿਹੀਆਂ ਦਰਖਾਸਤਾਂ ਤੇ ਵਿਚਾਰ ਕੀਤਾ ਜਾਵੇਗਾ।

ੲ) ਵਿਧਵਾਵਾਂ/ ਡਿਜਰਟਿਡ ਲੈਡੀਜ਼/ ਤਲਾਕਸ਼ੁਦਾ ਔਰਤਾਂ

ਸ) ਨੌਕਰੀ ਕਰ ਰਹੇ ਫੌਜੀ ਦੀ ਪਤਨੀ ਜਿਹੜਾ ਦੂਰ ਦੁਰਾਡੇ ਥਾਂ ਤੇ ਤਾਇਨਾਤ ਹੋਵੇ।

ਹ) ਕੁਆਰੀਆਂ ਲੜਕੀਆਂ

ਕ) ਨਵਵਿਵਾਹਿਤ ਲੜਕੀਆ(ਵਿਆਹ ਹੋਣ ਦੀ ਮਿਤੀ ਤੋਂ ਇੱਕ ਸਾਲ ਦੇ ਅੰਦਰ ) ਨੂੰ ਸਿਰਫ ਇਕ ਵਾਰ ਬਦਲੀ ਲਈ ਪਹਿਲ ਦਿੱਤੀ ਜਾਵੇਗੀ।

10. ਆਪਸੀ ਬਦਲੀ ਸਮੇਂ ਜਿਹਨਾਂ ਕਰਮਚਾਰੀਆਂ ਦੀ ਰਿਟਾਇਰਮੈਂਟ ਮਿਤੀ 31-3-2012 ਤੱਕ ਹੈ, ਉਹ ਆਪਸੀ ਬਦਲੀ ਲਈ ਬਿਨੇ ਪੱਤਰ ਨਹੀ ਦੇ ਸਕਣਗੇ।

11. ਜੇਕਰ ਕਿਸੇ ਸਕੂਲ ਵਿਚ ਦਾਖਲ ਬੱਚਿਆਂ ਦੀ ਗਿਣਤੀ ਨੂੰ ਮੁੱਖ ਰੱਖਦੇ ਹੋਏ ਖਾਲੀ ਪਈ ਅਸਾਮੀ ਵਾਧੂ ਬਣਦੀ ਹੋਵੇ ਤਾਂ ਉਸ ਆਸਾਮੀ ਤੇ ਕਿਸੇ ਅਧਿਆਪਕ ਨੂੰ ਨਹੀ ਬਦਲਿਆ ਜਾਵੇਗਾ, ਜੇਕਰ ਫਿਰ ਵੀ ਬਦਲੀ ਹੋ ਜਾਂਦੀ ਹੈ ਤਾਂ ਅਜਿਹਾ ਅਧਿਆਪਕ ਹਾਜਰ ਨਾ ਕਰਵਾਇਆ ਜਾਵੇ। ਅਜਿਹੀ ਬਦਲੀ ਲਾਗੂ ਹੋਜਾਣ ਦੀ ਸੂਰਤ ਵਿੱਚ ਸੰਸਥਾ ਮੁੱਖੀ ਅਤੇ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਦੀ ਜ਼ਿੰਮੇਵਾਰੀ ਫਿਕਸ ਕੀਤੀ ਜਾਵੇਗੀ।

12. ਬਦਲੀ ਸਿਰਫ ਮਨਜ਼ੂਰਸ਼ੁਦਾ ਖਾਲੀ ਆਸਾਮੀ ਹੋਣ ਦੀ ਸੂਰਤ ਵਿਚ ਹੀ ਕੀਤੀ ਜਾਵੇਗੀ, ਆਸਾਮੀ ਸਮੇਤ ਜਾਂ ਡੈਪੂਟੇਸ਼ਨ ਦੁਆਰਾ ਕੋਈ ਬਦਲੀ ਨਹੀ ਕੀਤੀ ਜਾਵੇਗੀ।

13. ਪਿਛਲੇ ਦੋ ਸਾਲਾਂ ਦੇ ਚੰਗੇ ਨਤੀਜੇ ਜੋ ਬੋਰਡ ਦੇ ਸਾਲਾਨਾ ਨਤੀਜਿਆਂ ਤੋਂ ਵੱਧ ਹੋਣ ਦੀ ਸੂਰਤ ਵਿੱਚ ਉਸ ਅਧਿਆਪਕ ਨੂੰ ਬਦਲੀਆਂ ਸਮੇਂ ਪਹਿਲ ਦਿਤੀ ਜਾਵੇਗੀ। ਇਹ ਨਤੀਜੇ ਦੋ ਸਾਲ ਦੇ ਕੁਲ ਬੋਰਡ ਦੇ ਨਤੀਜਿਆਂ ਨੂੰ ਗਿਣਨ ਉਪਰੰਤ ਵਿਚਾਰਾ ਜਾਣਗੇ। ਸਕੂਲ ਦੀਆਂ ਪ੍ਰੀਖਿਆਵਾ ਇਸ ਵਿੱਚ ਸ਼ਾਮਲ ਨਹੀਂ ਹੋਣਗੀਆਂ।

14 ਪ੍ਰਾਇਮਰੀ ਵਿੰਗ ਦੀਆਂ ਬਦਲੀਆ ਸਬੰਧਤ ਜਿਲ੍ਹਾ ਸਿਖਿਆ ਅਫਸਰ ਦੁਆਰਾ ਅਤੇ ਅੰਤਰ ਜਿਲ੍ਹਾਂ ਬਦਲੀਆਂ, ਡੀ.ਪੀ.ਆਈ.(ਐਲੀ.ਸਿ) ਵੱਲੋਂ ਕੀਤੀਆਂ ਜਾਣਗੀਆਂ। ਬਦਲੀ ਹੋਣ ਉਪਰੰਤ ਸਕੂਲ ਵਿਚ ਦੋ ਅਧਿਆਪਕ ਜਰੂਰ ਹੋਣੇ ਚਾਹੀਦੇ ਹਨ। ਜੇਕਰ ਗਲਤੀ ਨਾਲ ਕਿਸੇ ਅਧਿਆਪਕ ਦੀ ਬਦਲੀ ਦੇ ਹੁਕਮ ਜਾਣ ਤੋਂ ਬਾਅਦ ਸਕੂਲ ਵਿਚ ਅਧਿਆਪਕਾਂ ਦੀ ਗਿਣਤੀ ਦੋ ਤੋਂ ਘਟ ਰਹਿੰਦੀ ਹੋਵੇ ਤਾਂ ਸਕੂਲ ਮੁਨਾਖਜ ਉਸ ਨੂੰ ਰਲੀਵ ਨਹੀਂ ਕਰੇਗਾ ਅਤੇ ਇਸ ਬਾਰੇ ਲਿਖਤੀ ਰੂਪ ਵਿਚ ਤੁਰੰਤ ਆਪਣੇ ਜ਼ਿਲਾ ਅਧਿਕਾਰੀ ਦੇ ਧਿਆਨ ਵਿਚ ਲਿਆਵੇਗਾ।

15 ਗਰੁੱਪ (ਏ) ਅਤੇ ਗਰੁੱਪ (ਬੀ) ਕੈਟਾਗਰੀ ਨਾਲ ਸਬੰਧਤ ਅਧਿਕਾਰੀਆਂ ਦੀਆਂ ਬਦਲੀਆਂ ਕੇਵਲ ਸਰਕਾਰ ਦੀ ਪੱਧਰ ਤੇ ਹੀ ਕੀਤੀਆਂ ਜਾਣਗੀਆਂ। ਗਰੁੱਪ ਸੀ ਨਾਲ ਸਬੰਧਤ ਕਰਮਚਾਰੀਆਂ ਦੀਆਂ ਮੱਧਕਾਲੀਨ ਬਦਲੀਆਂ ਕੇਵਲ ਸਰਕਾਰ ਦੀ ਪ੍ਰਵਾਨਗੀ ਨਾਲ ਹੀ ਕੀਤੀਆ ਜਾਣਗੀਆ।

16 ਬਦਲੀਆ ਸਹੀ ਭਾਵਨਾ/ ਹਦਾਇਤਾਂ ਅਨੁਸਾਰ ਲਾਗੂ ਕੀਤੀਆ ਜਾਣਗੀਆਂ, ਪਰ ਪ੍ਰਬੰਧਕੀ ਵਿਭਾਗ ਜਾਂ ਲੋਕ ਹਿੱਤ ਵਿਚ ਘੱਟ ਨਤੀਜਿਆ ਕਾਰਨ ਜਾਂ ਹੋਰ ਕਾਰਨਾ ਕਰਕੇ / ਪ੍ਰਬੰਧਕੀ

ਅਧਾਰ/ਸ਼ਿਕਾਇਤ / ਨਾਨ- ਪ੍ਰਫੋਰਮੈਂਸ ਕਰਨ ਹੋਰ ਕਿਸੇ ਕਾਰਣ ਕਰਕੇ ਕਿਸੇ ਵੀ ਕਰਮਚਾਰੀ ਦੀ ਬਦਲੀ ਕਿਸੇ ਵੀ ਥਾਂ ਤੇ ਕਿਸੇ ਵੀ ਸਮੇਂ ਕਰ ਸਕੇਗੀ।

17 ਨਿਰਧਾਰਤ ਸ਼ਰਤਾਂ ਵਿਚ ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ/ ਸਿੱਖਿਆ ਮੰਤਰੀ ਦੁਆਰਾ ਢਿੱਲ ਦਿੱਤੀ ਜਾ ਸਕਦੀ ਹੈ।

18 ਵਿਭਾਗ ਦੁਆਰਾ ਕਿਸੇ ਵੀ ਕਾਰਨ ਆਮ ਲੋਕ ਹਿਤ ਵਿੱਚ ਬਦਲੀ ਕਿਸੇ ਵੀ ਸਮੇਂ ਕੀਤੀ ਜਾ ਸਕਦੀ ਹੈ।

19 ਕੋਈ ਵੀ ਬਦਲੀ ਇਲੈਕਸ਼ਨ ਕਮਿਸ਼ਨ ਆਫ ਇੰਡੀਆਂ ਜਾਂ ਸਟੇਟ ਇਲੈਕਸ਼ਨ ਕਮਿਸ਼ਨ ਦੁਆਰਾ ਲਾਗੂ ਕੀਤ ਗਏ ਕੋਡ ਆਫ ਕੰਡਕਟ ਦੀ ਉਲੰਘਣਾ ਵਿਚ ਨਹੀ ਕੀਤੀ ਜਾਵੇਗੀ।

20 ਇਸ ਸਾਲ ਤੋਂ ਸਿੱਖਿਆ ਸਰਵਿਸ ਪ੍ਰੋਵਾਈਡਰਜ਼ ਅਤੇ ਟੀਚਿੰਗ ਫੈਲੋਜ਼ ਦੀਆਂ ਬਦਲੀਆਂ ਦੀਆਂ ਦਰਖਾਸਤਾਂ ਵੀ ਵਿਚਾਰੀਆਂ ਜਾਣਗੀਆਂ। ਇਹਨਾਂ ਦੋਵਾ ਸ਼੍ਰੇਣੀਆਂ ਦੇ ਕਰਮਚਾਰੀਆਂ ਦੀ ਬਦਲੀ ਕੇਵਲ ਬਾਰਡਰ/ ਬੇਟ/ ਕੰਡੀ ਵਿਚ ਪੈਂਦੇ ਸੀ ਅਤੇ ਡੀ ਕੈਟੇਗਰੀ ਦੇ ਸਕੂਲਾਂ ਵਿਚ ਹੀ ਕੀਤੀ ਜਾਵੇਗੀ।

ਓਮ ਪ੍ਰਕਾਸ਼
ਸੁਪਰਡੰਟ 28/4

ਪਿੱਠ ਅੰਕਣ ਨੰ: 3/28/10-5ਸਿ2/1233-35 ਮਿਤੀ,ਚੰਡੀਗੜ੍ਹ : 28/4/10

ਇਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਨਾਭਾ (ਪਟਿਆਲਾ), ਜਲੰਧਰਅਤੇ ਫਰੀਦਕੋਟ
2. ਸਮੂਹ ਜਿਲ੍ਹਾਂ ਸਿੱਖਿਆ ਅਫਸਰ (ਸੈ.ਸਿ)/ (ਐ.ਸਿ)।
3. ਸੁਪਰਡੰਟ, ਸਿਖਿਆ-3,4,5,6 ਅਤੇ 7 ਸਾਖਾ

ਓਮ ਪ੍ਰਕਾਸ਼
ਸੁਪਰਡੰਟ 28/4

ਅੰਦਰੂਨੀ ਵੰਡ:-

1. ਨਿੱਜੀ ਸਕੱਤਰ/ਸਿੱਖਿਆ ਮੰਤਰੀ, ਪੰਜਾਬ।
2. ਨਿੱਜੀ ਸਕੱਤਰ/ਸੰਸਦੀ ਸਕੱਤਰ, ਸਿੱਖਿਆ।
3. ਨਿੱਜੀ ਸਕੱਤਰ/ ਪ੍ਰਮੁੱਖ ਸਕੱਤਰ, ਸਿੱਖਿਆ।
4. ਨਿੱਜੀ ਸਕੱਤਰ/ ਡਾਇਰੈਕਟਰ ਜਨਰਲ ਸਕੂਲ ਸਿੱਖਿਆ।

ਸ਼ਡਿਊਲ

| ਸਮਾਂ | ਕਾਰਜ ਦਾ ਵੇਰਵਾ |
|---|---|
| 30 ਅਪਰੈਲ 2010 ਤੱਕ | ਬਦਲੀਆਂ ਬਾਰੇ ਪਾਲਸੀ ਹਦਾਇਤਾਂ ਸਿੱਖਿਆ ਵਿਭਾਗ ਦੀ ਵੈਬਸਾਈਟ ਤੇ ਪਾਈਆਂ ਜਾਣਗੀਆਂ: ਅਖਬਾਰਾਂ ਵਿਚ ਖਬਰ ਦਿੱਤੀ ਜਾਵੇਗੀ: ਅਤੇ ਰੇਡੀਓ ਅਤੇ ਟੀ.ਵੀ.ਤੇ ਵੀ ਖਬਰ ਪ੍ਰਸਾਰਿਤ ਕਰਵਾਈ ਜਾਵੇਗੀ। ਇਸ ਤੋਂ ਇਲਾਵਾ ਸਾਰੇ ਮੰਡਲ/ ਜ਼ਿਲਾ ਅਧਿਕਾਰੀਆਂ ਨੂੰ ਚਿੱਠੀ ਵੀ ਜਾਰੀ ਕੀਤੀ ਜਾਵੇਗੀ ਤਾਂ ਕਿ ਇਹ ਉਹਨਾਂ ਦੇ ਦਫਤਰੀ ਰਿਕਾਰਡ ਦਾ ਹਿੱਸਾ ਬਣ ਜਾਵੇ। |
| 1 ਤੋਂ 10 ਮਈ ਤੱਕ | ਬਦਲੀਆਂ ਲਈ ਚਾਹਵਾਨ ਅਧਿਆਪਕ ਕੇਵਲ ਨਿਰਧਾਰਤ ਪ੍ਰਫਾਰਮੇ ਵਿਚ ਹੀ ਬਿਨੈ- ਪੱਤਰ ਪੇਸ਼ ਕਰਨਗੇ। ਪ੍ਰਫਾਰਮੇ ਤੋਂ ਬਗੈਰ ਅਤੇ ਅੰਤਿਮ ਮਿਤੀ ਤੋਂ ਬਾਅਦ ਆਈਆਂ ਅਰਜ਼ੀਆਂ ਤੇ ਵਿਚਾਰ ਨਹੀ ਕੀਤਾ ਜਾਵੇਗਾ। |
| 11 ਤੋਂ17 ਮਈ ਤੱਕ | ਜ਼ਿਲਾ ਸਿੱਖਿਆ ਅਫਸਰਾ ਦੇ ਪੱਧਰ ਤੇ ਮੁੱਢਲੀਆਂ ਤਜ਼ਵੀਜਾਂ ਤਿਆਰ ਕੀਤੀਆਂ ਜਾਣਗੀਆਂ। |
| 18 ਤੋਂ 24 ਮਈ ਤੱਕ | ਮੰਡਲ ਸਿੱਖਿਆ ਅਫਸਰਾ ਦੇ ਪੱਧਰ ਤੇ ਮੁੱਢਲੀਆਂ ਤਜ਼ਵੀਜਾਂ ਤਿਆਰ ਕੀਤੀਆਂ ਜਾਣਗੀਆਂ। |
| 25 ਤੋਂ 31 ਮਈ ਤੱਕ | ਡੀ.ਪੀ.ਆਈ. ਪੱਧਰ ਤੇ ਮੁੱਢਲੀਆਂ ਤਜ਼ਵੀਜਾਂ ਤਿਆਰ ਕੀਤੀਆਂ ਜਾਣਗੀਆਂ। |
| 1 ਤੋਂ 7 ਜੂਨ ਤੱਕ | ਮੁੱਖ ਦਫਤਰ ਵਿਖੇ ਜਿਲ੍ਹਾ ਪੱਧਰ ਦੀਆ ਤਜ਼ਵੀਜਾਂ ਦੀ ਪਾਲਿਸੀ ਕਰਾਈਟੇਰੀਏ ਮੁਤਾਬਕ ਛਾਣ-ਬੀਣ ਕੀਤੀ ਜਾਵੇਗੀ। |
| 8 ਤੋਂ 11 ਜੂਨ ਤੱਕ | ਮੁੱਖ ਦਫਤਰ ਵਿਖੇ ਮੰਡਲ੍ਹ ਪੱਧਰ ਦੀਆ ਤਜ਼ਵੀਜਾਂ ਦੀ ਪਾਲਿਸੀ ਕਰਾਈਟੇਰੀਏ ਮੁਤਾਬਕ ਛਾਣ-ਬੀਣ ਕੀਤੀ ਜਾਵੇਗੀ। |
| 14 ਤੋਂ 15 ਜੂਨ ਤੱਕ | ਮੁੱਖ ਦਫਤਰ ਵਿਖੇ ਡੀ.ਪੀ.ਆਈ. ਪੱਧਰ ਦੀਆ ਤਜ਼ਵੀਜਾਂ ਦੀ ਪਾਲਿਸੀ ਕਰਾਈਟੇਰੀਏ ਮੁਤਾਬਕ ਛਾਣ-ਬੀਣ ਕੀਤੀ ਜਾਵੇਗੀ |
| 16 ਤੋਂ 20 ਜੂਨ ਦਰਮਿਆਨ | ਬਦਲੀਆਂ ਦੀਆਂ ਸੂਚੀਆਂ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ ਅਤੇ 20 ਜੂਨ ਤੋਂ ਪਹਿਲਾ ਪਹਿਲਾ ਸਾਰੇ ਹੁਕਮ ਵੈਬਸਾਈਟ ਤੇ ਪਾਏ ਜਾਣਗੇ। |
| | ਜਾਇਨ ਕਰਨ ਲਈ 3-4 ਦਿਨ ਦਾ ਸਮਾਂ ਦਿੱਤਾ ਜਾਵੇਗਾ ਤਾਂ ਕਿ ਸਕੂਲ ਖੁੱਲ੍ਹਣ ਤੋਂ ਪਹਿਲਾਂ ਬਦਲੀ ਅਧੀਨ ਸਾਰੇ ਅਧਿਆਪਕ ਆਪਣੀ ਨਵੇਂ ਪੋਸਟਿੰਗ ਸਥਾਨ ਤੇ ਹਾਜ਼ਰ ਹੋ ਜਾਣ। |

# ਪੰਜਾਬ ਸਿੱਖਿਆ ਵਿਭਾਗ(ਸੈਕੰਡਰੀ ਸਿੱਖਿਆ)

(ਸਿਰਫ ਟੀਚਿੰਗ ਮੁਲਾਜ਼ਮਾਂ ਲਈ)

ਅਧਿਆਪਕਾਂ ਦੀਆਂ ਆਮ ਬਦਲੀਆਂ ਲਈ ਪ੍ਰੋਫਾਰਮਾ ਬਾਬਤ ਸੈਸ਼ਨ 20/ ~ — 11

ਜ਼ਿਲ੍ਹੇ ਵਿਚ ਬਦਲੀ          ਸਰਕਲ ਵਿਚ ਬਦਲੀ          ਅੰਤਰ ਸਰਕਲ ਬਦਲੀ

ਉਪਰੋਕਤ ਵਿਚੋਂ ਬਦਲੀ ਜਿਸ ਪੱਧਰ ਤੇ ਲਾਗੂ ਹੋਣੀ ਹੋ ਨੂੰ ਸਰਕਲ ਕੀਤਾ ਜਾਵੇ।

1. ਬਿਨੈਕਾਰ ਦਾ ਨਾਮ :
2. ਅਹੁਦਾ ਸਮੇਤ ਕਾਡਰ(ਜ਼ਿਲ੍ਹਾ/ਸਟੇਟ) :
3. ਵਰਤਮਾਨ ਸਕੂਲ ਦਾ ਨਾਮ :
4. ਵਰਤਮਾਨ ਸਕੂਲ ਵਿਚ ਆਉਣ ਦੀ ਮਿਤੀ :
5. ਸੇਵਾ ਮੁਕਤ ਹੋਣ ਦੀ ਮਿਤੀ :
6. ਪੱਕਾ ਰਿਹਾਇਸ਼ੀ ਪਤਾ :

7. ਵਰਤਮਾਨ ਸਕੂਲ ਤੋਂ ਰਿਹਾਇਸ਼ ਦੀ ਦੂਰੀ (ਕਿਲੋਮੀਟਰਾਂ ਵਿਚ) :
8. ਜਿਸ ਕੈਟਾਗਰੀ ਅਧੀਨ ਕਿਸੇ ਪੱਖ ਦਿੱਤਾ ਜਾ ਰਿਹਾ ਹੈ ਨੂੰ ਸਰਕਲ ਕੀਤਾ ਜਾਵੇ।

ੳ) ਅੰਗਹੀਣ/ਹੈਂਡੀਕੇਪਡ    ਅ) ਅਣਵਿਆਹੀ ਲੜਕੀ    ੲ) ਵਿਧਵਾ ਔਰਤ

ਸ) ਤਲਾਕਸ਼ੁਦਾ, ਡਿਜ਼ਰਟਡ ਔਰਤ    ਹ) ਕਪਲ ਕੇਸ    ਕ) ਦਿਮਾਗੀ ਤੌਰ ਤੇ ਅਸੰਤੁਲਿਤ ਬੱਚੇ ਦੇ ਮਾਤਾ ਪਿਤਾ

ਖ) ਤਰਸ ਦਾ ਆਧਾਰ    ਗ) ਨਵ-ਵਿਆਹੁਤਾ    ਘ) ਆਪਸੀ ਬਦਲੀ/ਕੋਈ ਹੋਰ ਕਾਰਨ

ਙ) ਨੌਕਰੀ ਕਰ ਰਹੇ ਫੌਜੀ ਦੀ ਪਤਨੀ    ਚ) ਲੜਕੀਆਂ [illegible] ਗੰਭੀਰ ਬਿਮਾਰੀ ਤੋਂ ਪੀੜਿਤ (ਸਿਵਲ ਸਰਜਨ) ਵੱਲੋਂ ਜਾਰੀ ਸਰਟੀਫਿਕੇਟ ਨੱਥੀ ਕੀਤਾ ਜਾਵੇ)

9. ਨਤੀਜਿਆਂ ਸਬੰਧੀ ਵੇਰਵੇ (ਸਿਰਫ ਬੋਰਡ ਪ੍ਰੀਖਿਆਵਾਂ ਦੇ)

| ਸਾਲ | ਪੜ੍ਹਾਈ ਗਈ ਜਮਾਤ | ਪੜ੍ਹਾਇਆ ਗਿਆ ਵਿਸ਼ਾ | ਪ੍ਰੀਖਿਆ ਵਿਚ ਬੈਠੇ ਵਿਦਿਆਰਥੀਆਂ ਦੀ ਗਿਣਤੀ | ਪਾਸ ਵਿਦਿਆਰਥੀ ਦੀ ਗਿਣਤੀ | ਪਾਸ ਪ੍ਰਤੀਸ਼ਤ |
|---|---|---|---|---|---|
| | | | | | |
| | | | | | |
| | | | | | |
| | | | | | |

10. ਬਦਲੀ ਲਈ ਮੰਗੇ ਸਕੂਲਾਂ ਦਾ ਵੇਰਵਾ

| ਲੜੀ ਨੰ: | ਸਕੂਲ ਦਾ ਨਾਮ | ਤਹਿਸੀਲ | ਜ਼ਿਲ੍ਹਾ |
|---|---|---|---|
| 1. | | | |
| 2. | | | |
| 3. | | | |

11. ਕੀ ਆਪ ਵਿਰੁੱਧ ਕੋਈ ਵਿਭਾਗੀ ਪੜਤਾਲ/ਸ਼ਿਕਾਇਤ ਹੈ? ਹਾਂ/ਨਾਂਹ

ਜੇ ਹਾਂ ਤਾਂ ਵੇਰਵਾ ਦਿੱਤਾ ਜਾਵੇ।

12. ਕੀ ਆਪ ਅਨੁਸ਼ਾਸਨਿਕ ਕੇਸ ਦੇ ਜ਼ੇਰੇ ਕਾਰ ਰਹੇ ਹੋ ਹਾਂ/ਨਾਂਹ
ਜੇਕਰ ਹਾਂ ਤਾਂ ਕੇਸ ਬਾਰੇ ਪੂਰਾ ਵੇਰਵਾ ਮਿਤੀਆਂ ਸਮੇਤ ਦਿੱਤਾ ਜਾਵੇ।

13. ਕੀ ਆਪ ਦੀ ਬਦਲੀ ਪਿਛਲੇ ਦੋ ਸਾਲਾਂ ਵਿੱਚ ਪ੍ਰਬੰਧਕੀ ਆਧਾਰ ਤੇ ਹੋਈ ਹੈ ? ਹਾਂ ਜਾਂ ਨਾਂਹ
ਜੇ ਹਾਂ ਤਾਂ ਸਮਾਂ ਤੇ ਸਥਾਨ ਦੱਸਿਆ ਜਾਵੇ;

ਮੈਂ ਤਸਦੀਕ ਕਰਦਾ/ਕਰਦੀ ਹਾਂ ਕਿ ਉਕਤ ਲੜੀ ਨੰ: 1 ਤੋਂ 13 ਤੱਕ ਸਾਰੇ ਵੇਰਵੇ ਮੇਰੇ ਦੁਆਰਾ ਭਰੇ ਗਏ ਹਨ ਅਤੇ ਇਹ ਸਾਰੇ ਰਿਕਾਰਡ ਅਨੁਸਾਰ ਠੀਕ ਹਨ। ਕਿਸੇ ਵੀ ਤੱਥ ਛੁਪਾਇਆ ਨਹੀਂ ਗਿਆ। ਜੇਕਰ ਉਪਰ ਦੱਸੇ ਕਿਸੇ ਵੀ ਤੱਥ ਗਲਤ ਪਾਏ ਜਾਣ ਤਾਂ ਮੇਰੇ ਖਿਲਾਫ ਅਨੁਸ਼ਾਸਨੀ ਕਾਰਵਾਈ ਕੀਤੇ ਤੇ ਕੋਈ ਉਜਰ ਨਹੀਂ ਕਰਾਂਗਾ/ਕਰਾਂਗੀ।

ਮਿਤੀ ......................

(ਬਿਨੈਕਾਰ ਦੇ ਪੂਰੇ ਹਸਤਾਖਰ)
ਅਹੁਦਾ
ਸਕੂਲ ਦਾ ਨਾਂ:

ਭਾਗ – ਅ

1. ਬਦਲੀ ਚਾਹੁਣ ਵਾਲੇ ਅਧਿਆਪਕ ਦੇ ਸਕੂਲ ਵਿੱਚ ਸਬੰਧਤ ਵਿਸ਼ੇ ਦੀਆਂ ਅਸਾਮੀਆਂ ਸਬੰਧੀ ਸੂਚਨਾ

| ਮੰਨਜੂਰ ਪੋਸਟਾਂ ਦੀ ਗਿਣਤੀ | ਭਰੀਆਂ ਪੋਸਟਾਂ ਦੀ ਗਿਣਤੀ | ਖਾਲੀ ਪੋਸਟਾਂ ਦੀ ਗਿਣਤੀ | ਸਰਪਲਸ ਪੋਸਟਾਂ ਦੀ ਗਿਣਤੀ | ਲੀਅਨ ਪੋਸਟਾਂ ਦੀ ਗਿਣਤੀ |
|---|---|---|---|---|
| | | | | |

2. ਇਸ ਸਕੂਲ ਵਿੱਚ ਛੇਵੀਂ ਤੋਂ ਅੱਠਵੀਂ ਤੱਕ ................ ਨੌਵੀਂ ਤੋਂ ਦਸਵੀਂ ਤੱਕ .............ਅਤੇ ਗਿਆਰਵੀਂ ਤੋਂ ਬਾਰਵੀਂ ਤੱਕ.......................ਵਿਦਿਆਰਥੀ ਪੜ੍ਹਦੇ ਹਨ।

3. ੳ) ਬਿਨੈਕਾਰ ਦੀ ਨੌਕਰੀ 2 ਸਾਲ ਤੋਂ ਘੱਟ ਹੈ ਜਾਂ ਵੱਧ ਹੈ?
ਅ) ਬਿਨੈਕਾਰ ਦੇ ਨਤੀਜੇ ਅੱਛੇ/ਮਾੜੇ ਹਨ।

ਬਿਨੈਕਾਰ ਸ੍ਰੀ/ਸ੍ਰੀਮਤੀ .......................ਇਸ ਸਕੂਲ ਵਿੱਚ ਮਿਤੀ .......................ਤੋਂ ਬਤੌਰ ..............................ਕੰਮ ਕਰ ਰਿਹਾ /ਰਹੀ ਹੈ।ਉਸ ਦੁਆਰਾ ਬਿਨੈ-ਪੱਤਰ ਵਿੱਚ ਦਰਜ ਕੀਤੇ ਸਾਰੇ ਵੇਰਵੇ ਦਫਤਰੀ ਰਿਕਾਰਡ ਅਨੁਸਾਰ ਸਹੀ ਹਨ, ਉਹ ਬਦਲੀ ਲਈ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ/ਕਰਦੀ ਹੈ।

ਡਿਸਪੈਚ ਨੰਬਰ.................... ਮਿਤੀ..........................

(ਸਕੂਲ ਮੁੱਖੀ ਦੇ ਹਸਤਾਖਰ)
( ਸਕੂਲ ਦੀ ਮੋਹਰ)

(ਭਾਗ-ੲ)

ਮੁੱਖ ਦਫਤਰ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ/ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ)/ਐ.ਸਿ) ਪੰਜਾਬ ਨੂੰ ਭੇਜ ਕੇ ਤਸਦੀਕ ਕੀਤਾ ਜਾਂਦਾ ਹੈ ਕਿ ਬਿਨੈਕਾਰ ਅਧਿਆਪਕ/ਅਧਿਆਪਕਾ ਆਮ ਬਦਲੀਆਂ ਲਈ ਨਿਰਧਾਰਤ ਪਾਲਿਸੀ (ਸਾਲ 2009-10) ਵਿੱਚ ਲੱਗੀਆਂ ਨੌਕਰੀ, ਨਤੀਜੇ, ਘਰ ਤੋਂ ਦੂਰੀ ਆਦਿ ਸਬੰਧੀ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ/ਕਰਦੀ ਹੈ।

ਜ਼ਿਲ੍ਹਾ ਸਿੱਖਿਆ ਅਫਸਰ ਦੇ ਹਸਤਾਖਰ
ਮੋਹਰ

ਡਿਸਪੈਚ ਨੰਬਰ............................ ਮਿਤੀ......................